EMPLOYMENT ONTARIO
Ontario's employment & training network

Ontario

**ਵੈੱਬ 'ਤੇ ਪਾਉਂਣ ਲਈ ਪੁਨਰ-ਨਿਰੀਖਣ**

## ਜੌਬ ਕੁਨੈਕਟ

ਓਨਟੈਰੀਉ ਸਰਕਾਰ ਦਾ ਇਹ ਪ੍ਰੋਗਰਾਮ ਨੌਕਰੀ ਦੀ ਭਾਲ ਕਰ ਰਹੇ ਵਿਅਕਤੀਆਂ ਅਤੇ ਆਪਣੀਆਂ ਕਾਰੋਬਾਰੀ ਜ਼ਰੂਰਤਾਂ 'ਤੇ ਪੂਰੇ ਉਤਰਨ ਵਾਲੇ ਕਰਮਚਾਰੀਆਂ ਦੀ ਭਾਲ ਕਰ ਰਹੇ ਐਂਪਲਾਇਰਾਂ ਦਰਮਿਆਨ ਪਾੜੇ ਨੂੰ ਮੇਲਣ ਦੁਆਰਾ ਲੋਕਾਂ ਦੀ ਬਣੀਆਂ ਰਹਿਣ ਵਾਲੀਆਂ ਨੌਕਰੀ ਲੱਭਣ 'ਚ ਮਦਦ ਕਰਦਾ ਹੈ।

ਇਹ ਵਿਅਕਤੀਆਂ ਦੀਆਂ ਨੌਕਰੀ ਤੇ ਟਰੇਨਿੰਗ ਦੀਆਂ ਲੋੜਾਂ ਅਤੇ ਐਂਪਲਾਇਰਾਂ ਦੀਆਂ ਹੁਨਰੀ ਕਾਮਿਆਂ ਦੀਆਂ ਲੋੜਾਂ ਦੇ ਜਵਾਬ 'ਚ ਕਈ ਪ੍ਰਕਾਰ ਦੀਆਂ ਸੇਵਾਵਾਂ ਪੇਸ਼ ਕਰਦਾ ਹੈ। ਇਹ ਉਚੇਰੇ ਹੁਨਰਾਂ ਦੀ ਟਰੇਨਿੰਗ ਤੇ ਨੌਕਰੀਆਂ ਦੇ ਰਾਹੇ ਪਏ ਲੋਕਾਂ ਦੀ ਮਦਦ ਕਰ ਸਕਦਾ ਹੈ। ਸੇਵਾਵਾਂ ਪੂਰੇ ਓਨਟੈਰੀਉ 'ਚ ਉਪਲਬਧ ਹਨ।

ਉਹ ਐਂਪਲਾਇਰ ਜਿਹੜੇ ਓਨਟੈਰੀਉ 'ਚ ਕੋਈ ਕਾਰੋਬਾਰ ਚਲਾ ਰਹੇ ਹਨ ਅਤੇ ਹੋਰ ਸਟਾਫ ਕੰਮ 'ਤੇ ਰੱਖਣ ਦੀ ਭਾਲ 'ਚ ਹਨ, ਜੌਬ ਕੁਨੈਕਟ (Job Connect) ਸੇਵਾਵਾਂ ਤੋਂ ਲਾਭ ਉਠਾ ਸਕਦੇ ਹਨ।

## ਕਿਹੜੀਆਂ ਸੇਵਾਵਾਂ ਉਪਲਬਧ ਹਨ?

ਪ੍ਰੋਗਰਾਮ ਦੀਆਂ ਸੇਵਾਵਾਂ ਦੇ ਤਿੰਨ ਭਾਗ ਹਨ ਜਿਹੜੇ ਵਿਅਕਤੀਆਂ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਦੇ ਅਨੁਸਾਰ ਬਣਾਏ ਗਏ ਹਨ:

- ਇਨਫਰਮੇਸ਼ਨ ਅਤੇ ਰਿਜ਼ੋਰਸ ਸਰਵਿਸ (Information and Resource Service) ਵਰਕਸ਼ਾਪਾਂ, ਕਾਰੋਬਾਰਾਂ ਤੇ ਕਿੱਤਿਆਂ ਬਾਰੇ ਜਾਣਕਾਰੀ ਤੇ ਸਰੋਤ, ਸਥਾਨਕ ਲੇਬਰ ਮਾਰਕੀਟ, ਸਿਖਲਾਈ ਦੇ ਮੌਕਿਆਂ ਤੇ ਕੰਮ ਦੀ ਭਾਲ ਦੇ ਢੰਗ ਤਰੀਕਿਆਂ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ। ਇਥੋਂ ਅੰਤਰ-ਰਾਸ਼ਟਰੀ ਟਰੇਨਿੰਗ ਪ੍ਰਾਪਤ ਵਿਅਕਤੀਆਂ, ਜਿਹੜੇ ਆਪਣੇ ਹੁਨਰ ਤੇ ਤਜ਼ਰਬੇ ਨਾਲ ਮੇਲ ਖਾਂਦੀਆਂ ਨੌਕਰੀਆਂ ਦੀ ਭਾਲ 'ਚ ਹੋਣ, ਵਾਸਤੇ ਅਪਰੈਂਟਿਸਸ਼ਿੱਪ ਟਰੇਨਿੰਗ ਤੇ ਸਰੋਤਾਂ ਬਾਰੇ ਜਾਣਕਾਰੀ ਉਪਲਬਧ ਹੈ।
- ਐਂਪਲਾਇਮੈਂਟ ਪਲੈਨਿੰਗ ਅਤੇ ਪ੍ਰੈਪਰੇਸ਼ਨ (Employment Planning and Preparation) ਦੀ ਸੇਵਾ ਵਿਅਕਤੀਆਂ ਨੂੰ ਨੌਕਰੀਆਂ ਦੀਆਂ ਜ਼ਰੂਰਤਾਂ ਸਪੱਸ਼ਟ ਕਰਨ ਤੇ ਕਾਰਵਾਈ ਕਰਨ ਲਈ ਯੋਜਨਾਂ ਬਣਾਉਂਣ 'ਚ ਮਦਦ, ਫੈਸਲਾ ਲੈਣ 'ਚ ਮਦਦ ਅਤੇ ਕੰਮ ਦੀ ਭਾਲ ਕਰਨ 'ਚ ਮਦਦ ਪੇਸ਼ ਕਰਦੀ ਹੈ।
- ਜੌਬ ਡਿਵੈਲਪਮੈਂਟ ਅਤੇ ਪਲੇਸਮੈਂਟ ਸੁਪੋਰਟ (Job Development and Placement Support) ਸੇਵਾ ਕੰਮ ਦੇ ਤਜ਼ਰਬੇ ਅਤੇ/ਜਾਂ ਕੰਮ ਉਪਰ ਹੀ ਟਰੇਨਿੰਗ ਦੇਣ ਲਈ ਨੌਕਰੀਆਂ 'ਚ ਸਥਾਨ ਦਿਵਾਉਂਣ ਦੀ ਸੇਵਾ ਕਰਦੀ ਹੈ।

## ਐਂਪਲਾਇਰ ਜੌਬ ਕੁਨੈਕਟ ਪ੍ਰੋਗਰਾਮ ਤੋਂ ਕਿਵੇਂ ਫਾਇਦਾ ਉਠਾ ਸਕਦੇ ਹਨ?

ਐਂਪਲਾਇਰ, ਜਿਹੜੇ ਸਟਾਫ ਕੰਮ 'ਤੇ ਰੱਖਣਾਂ ਚਾਹ ਰਹੇ ਹਨ, ਉਹ ਇਨਫਰਮੇਸ਼ਨ ਅਤੇ ਰਿਜ਼ੋਰਸ ਸਰਵਿਸ ਰਾਹੀਂ ਨੌਕਰੀ ਦੀ ਆਸਾਮੀ ਲਈ ਇਸ਼ਤਿਹਾਰ ਦੇ ਸਕਦੇ ਹਨ। ਜੌਬ ਕੁਨੈਕਟ ਦਾ ਸਟਾਫ ਐਂਪਲਾਇਰ ਨੂੰ ਉਨ੍ਹਾਂ ਦੇ ਕਾਰੋਬਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸਕਰੀਨਿੰਗ ਅਤੇ ਭਰਤੀ ਕਰਨ ਦੀਆਂ ਸੇਵਾਵਾਂ ਪ੍ਰਦਾਨ ਕਰ ਸਕਦਾ ਹੈ। ਜੌਬ ਡਿਵੈਲਪਮੈਂਟ ਅਤੇ ਪਲੇਸਮੈਂਟ ਸੁਪੋਰਟ ਸੇਵਾ ਰਾਹੀਂ ਐਂਪਲਾਇਰ ਜੌਬ ਕੁਨੈਕਟ 'ਚ ਹਿੱਸਾ ਲੈ ਰਹੇ ਅਪਰੈਂਟਿਸ ਨੂੰ ਕੰਮ ਉਪਰ ਹੀ ਟਰੇਨਿੰਗ ਦੇਣ/ਕੰਮ ਦਾ ਤਜ਼ਰਬਾ ਦੇਣ ਦੇ ਖਰਚਿਆਂ 'ਚੋਂ ਕੁਝ ਕੁ ਪੂਰੇ ਕਰਨ ਵਾਸਤੇ ਟਰੇਨਿੰਗ ਪ੍ਰੇਰਕ ਰਾਸ਼ੀ/ਇੰਨਸੈਂਟਿਵ ਲਈ ਯੋਗ ਹੋ ਸਕਦੇ ਹਨ।

**ਸ਼ਾਮਲ ਕੌਣ ਹੋ ਸਕਦਾ ਹੈ?**

- **ਇਨਫਰਮੇਸ਼ਨ  ਅਤੇ ਰਿਜ਼ੋਰਸ ਸਰਵਿਸ:** ਹਰ ਕੋਈ ਜੋ ਨੌਕਰੀ ਅਤੇ/ਜਾਂ ਟਰੇਨਿੰਗ ਦੀ ਭਾਲ 'ਚ ਹੈ, ਇਸ ਵਾਕ-ਇਨ ਕਮਿਊਨਿਟੀ ਸਰੋਤ ਤੱਕ ਪਹੁੰਚ ਕਰ ਸਕਦਾ ਹੈ।
- **ਐਂਪਲਾਇਮੈਂਟ ਪਲੈਨਿੰਗ ਅਤੇ ਪ੍ਰੈਪਰੇਸ਼ਨ ਅਤੇ ਜੌਬ ਡਿਵੈਲਪਮੈਂਟ ਅਤੇ ਪਲੇਸਮੈਂਟ ਸੁਪੋਰਟ ਸੇਵਾਵਾਂ ਲਈ:** ਉਹ ਵਿਅਕਤੀ ਜਿਹੜੇ ਘੱਟੋ ਘੱਟ 16 ਸਾਲ ਦੀ ਉਮਰ ਦੇ, ਸਕੂਲ 'ਚੋਂ ਨਿਕਲ ਚੁੱਕੇ ਅਤੇ ਕੰਮ ਤੋਂ ਬਗੈਰ ਅਤੇ ਐਂਪਲਾਇਮੈਂਟ ਇੰਨਸ਼ੋਰੈਂਸ ਦੇ ਫਾਇਦੇ ਪ੍ਰਾਪਤ ਨਹੀਂ ਕਰ ਰਹੇ।

**ਮੈਂ ਸੇਵਾਵਾਂ ਤੱਕ ਪਹੁੰਚ ਕਿਵੇਂ ਕਰ ਸਕਦਾ/ਸਕਦੀ ਹਾਂ?**

1-800-387-5656
(416) 326-5656 (ਟੋਰਾਂਟੋ)

www.ontario.ca/employmentontario

ISBN 1-4249-2453-7